# ਆਈ.ਸੀ.ਟੀ ਐਜੂਕੇਸ਼ਨ ਸੁਸਾਇਟੀ

## ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ) ਅੰਮ੍ਰਿਤਸਰ

ਈ ਮੇਲ: deoictasr@gmail.com ਫੋਨ ਨੰਬਰ : 0183-2225897 ਫੈਕਸ 0183-2225896


ਵੱਲ

ਸਬੰਧਤ ਸਕੂਲ ਪ੍ਰਿੰਸੀਪਲ/ਹੈਡਮਾਸਟਰ
ਸ.ਸ.ਸ.ਸ./ਸ.ਹ.ਸ.
ਜ਼ਿਲ੍ਹਾ ਅੰਮ੍ਰਿਤਸਰ।

ਪੱਤਰ ਨੰ : ਆਈ ਸੀ ਟੀ/2019 38 2608 ਮਿਤੀ : 07-11-2019

ਵਿਸ਼ਾ:- ਜ਼ਿਲ੍ਹਾ ਲੈਵਲ ਤੇ Online Computer Quiz ਕਰਵਾਉਣ ਸਬੰਧੀ।

ਹਵਾਲਾ:-ਮੁੱਖ ਦਫਤਰ ਪਿਕਟਸ ਦੇ ਪੱਤਰ ਨੰ:-2/5-ICT-2019/MISC/353121 ਮਿਤੀ-15-10-19 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲਾ ਪੱਤਰ ਦੇ ਸਬੰਧ ਵਿੱਚ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜਦੇ 9ਵੀ ਅਤੇ 10ਵੀਂ ਕਲਾਸ ਦੇ ਵਿਦਿਆਰਥੀਆਂ ਦਾ ICT ਅਧੀਨ ਆਨ-ਲਾਇਨ ਕੁਵਿਜ ਸਾਫਟਵੇਅਰ ਰਾਹੀਂ ਕਰਵਾਇਆ ਜਾ ਰਿਹਾ ਹੈ।ਆਨ-ਲਾਇਨ ਕੰਪਿਊਟਰ ਕੁਵਿਜ ਜਿਲ੍ਹਾ ਪੱਧਰ ਤੇ ਮਿਤੀ 16.11.2019 ਨੂੰ ਕਰਵਾਏ ਜਾਣੇ ਹਨ।ਇਹ ਮੁਕਾਬਲੇ ਹੇਠ ਲਿਖੀ ਤਰੀਖ ਅਨੁਸਾਰ ਕਰਵਾਏ ਜਾ ਰਹੇ ਹਨ:-

ਜਿਲਾ ਪੱਧਰ ਤੇ- 16-11-2019 ਨੂੰ ਸਸਸਸ ਐਮ.ਐਸ.ਰੋਡ(ਕੰਨਿਆ),ਅੰਮ੍ਰਿਤਸਰ ਵਿੱਚ ਕਰਵਾਇਆ ਜਾ ਰਿਹਾ ਹੈ।

ਕੰਪਿਊਟਰ ਅਧਿਆਪਕ ਜਿਲਾ ਪੱਧਰ ਤੇ ਇਸ ਕੰਪਿਊਟਰ ਕੁਵਿਜ ਮੁਕਾਬਲਿਆਂ ਨੂੰ ਸਫਲ ਬਣਾਉਣ ਵਿੱਚ ਸਕੂਲ ਮੁੱਖੀ ਦਾ ਪੂਰਾ ਸਹਿਯੋਗ ਕਰਨਗੇ।ਬਲਾਕ ਪੱਧਰ ਤੇ ਕਰਵਾਏ ਮੁਕਾਬਲਿਆ ਵਿੱਚੋਂ 9 ਵੀ ਅਤੇ 10 ਵੀ ਹਰੇਕ ਕਲਾਸ ਦੀਆਂ ਪਹਿਲੀਆਂ ਦੋ ਪੁਜੀਸ਼ਨਾ ਤੇ ਆਏ ਵਿਦਿਆਰਥੀਆਂ ਨੂੰ ਜ਼ਿਲ੍ਹਾ ਪੱਧਰ ਲਈ ਚੁਣਿਆ ਜਾਵੇਗਾ।ਸਬੰਧਤ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਬਲਾਕ ਪੱਧਰ ਤੇ ਚੁਣੇ ਗਏ 9 ਵੀ ਅਤੇ 10 ਵੀ ਕਲਾਸ ਦੇ ਵਿਦਿਆਰਥੀਆ ਨੂੰ ਜ਼ਿਲ੍ਹਾ ਪੱਧਰ ਤੇ ਟੈਸਟ ਦੇਣ ਲਈ ਭੇਜਣਾ ਯਕੀਨੀ ਬਣਾਇਆ ਜਾਵੇ।

ਜਿਲਾ ਪੱਧਰ ਤੇ ਕੰਪਿਊਟਰ ਕੁਇਜ ਮਿਤੀ 16-11-19 ਨੂੰ ਸਵੇਰੇ 11:00 ਵਜੇ ਸ਼ੁਰੂ ਕੀਤਾ ਜਾਵੇਗਾ।ਆਨ-ਲਾਇਨ ਕੰਪਿਊਟਰ ਕੁਵਿਜ ਲਈ ਸਾਫਟਵੇਅਰ ਸਬੰਧੀ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ:-1) ਸ੍ਰੀ ਸਲੀਮ ਮੁਹੰਮਦ- 98782-60937 2) ਸ੍ਰੀ ਅਮਰਦੀਪ ਸਿੰਘ-97817-00235

ਜਿਲ੍ਹਾ ਸਿਖ਼ਿਆ ਅਫਸਰ (ਸੈ:ਸਿ)
ਅੰਮ੍ਰਿਤਸਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਮਾਨਯੋਗ ਡੀ.ਪੀ.ਆਈ,ਪੰਜਾਬ।
2. ਪ੍ਰਿੰਸੀਪਲ ,ਸਸਸਸ ਐਮ.ਐਸ.ਰੋਡ(ਕੰਨਿਆ),ਅੰਮ੍ਰਿਤਸਰ ਨੂੰ ਭੇਜਕੇ ਪਾਬੰਧ ਕੀਤਾ ਜਾਂਦਾ ਹੈ ਕਿ ਜਿਲਾ ਪੱਧਰੀ ਕੰਪਊਟਰ ਕੁਇਜ਼ ਲਈ ਨਿਸ਼ਚਿਤ ਮਿਤੀ ਨੂੰ ਲੈਬ ਚਾਲੂ ਹਾਲਤ ਵਿੱਚ ਰੱਖੀ ਜਾਵੇ ਅਤੇ ਬਿਜਲੀ, ਇੰਟਰਨੈਟ,ਵਿਦਿਆਰਥੀਆਂ ਦੇ ਬੈਠਣ, ਰਿਫ੍ਰੈਸ਼ਮੈਂਟ ਆਦਿ ਲੋੜੀਂਦੇ ਪ੍ਰਬੰਧ ਕਰਕੇ ਯਕੀਨੀ ਬਣਾਏ ਜਾਣ।ਜੇਤੂ ਵਿਦਿਆਰਥੀਆ ਲਈ ਨਕਦ ਇਨਾਮ ਅਤੇ ਰਿਫ੍ਰੈਸ਼ਮੈਂਟ ਸਬੰਧੀ ਰਾਸ਼ੀ ਮੁੱਖ ਦਫਤਰ ਵੱਲੋ ਜਾਰੀ ਹਦਾਇਤਾ ਅਨੁਸਾਰ ਆਪ ਦੇ ਆਈ.ਸੀ.ਟੀ ਖਾਤੇ ਵਿੱਚ ਈ-ਟ੍ਰਾਂਸਫਰ ਕਰ ਦਿੱਤੀ ਗਈ ਹੈ। ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮੁੱਖ ਦਫਤਰ ਵੱਲੋ ਹਵਾਲਾ ਅਧੀਨ ਪੱਤਰ ਰਾਹੀਂ ਜਾਰੀ ਹਦਇਤਾ ਅਨੁਸਾਰ ਹੀ ਰਕਮ ਖਰਚ ਕੀਤੀ ਜਾਵੇ ਅਤੇ ਖਰਚ ਕੀਤੀ ਗਈ ਰਕਮ ਦੀਆਂ ਰਸ਼ੀਦਾ ਸਕੂਲ ਪੱਧਰ ਤੇ ਰੱਖ ਲਈਆ ਜਾਣ ਅਤੇ ਇੱਕ ਕਾਪੀ ਤਸ਼ਦੀਕ ਕਰਕੇ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ) ਅੰਮ੍ਰਿਤਸਰ ਆਈ.ਸੀ.ਟੀ ਬ੍ਰਾਂਚ ਭੇਜੀ ਜਾਵੇ।

ਜਿਲ੍ਹਾ ਸਿਖਿਆ ਅਫਸਰ (ਸੈ:ਸਿ)
ਅੰਮ੍ਰਿਤਸਰ

N.B
1857
16/10/19

# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ
## ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ (ਪਿਕਟਸ)

ਪੰ.ਸ.ਸਿੱ.ਬੋ. ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਸ 8, ਸਾਅਸ ਨਗਰ (ਫੋਨ:0172-5212311)

16/10/19

ਵੱਲ

2019229054
16/10/19

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ)
ਸਮੂਹ ਸਕੂਲ ਮੁਖੀ (ਵੈੱਬ ਸਾਈਟ ਰਾਹੀਂ)

ਪੱਤਰ ਨੰ. 2/5-ICT-2019/Misc./353121
ਮਿਤੀ 15.10.19

ਵਿਸ਼ਾ: **Online Computer Quiz ਕਰਵਾਉਣ ਸਬੰਧੀ।**

1 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜਦੇ 9ਵੀਂ ਅਤੇ 10ਵੀਂ ਕਲਾਸ ਦੇ ਵਿਦਿਆਰਥੀਆਂ ਦਾ ICT ਅਧੀਨ ਆਨ-ਲਾਈਨ ਕੰਪਿਊਟਰ ਕੁਇਜ਼ ਸਾਫਟਵੇਅਰ ਰਾਹੀਂ ਕਰਵਾਇਆ ਜਾ ਰਿਹਾ ਹੈ। ਆਨ-ਲਾਈਨ ਕੰਪਿਊਟਰ ਕੁਇਜ਼ ਸਕੂਲ ਪੱਧਰ, ਬਲਾਕ ਪੱਧਰ ਅਤੇ ਜਿਲਾ ਪੱਧਰ ਤੇ ਕਰਵਾਏ ਜਾਣੇ ਹਨ। ਬਲਾਕ ਪੱਧਰ ਅਤੇ ਜਿਲ੍ਹਾ ਪੱਧਰ ਤੇ ਕੰਪਿਊਟਰ ਕੁਇਜ਼ ਲਈ Questionnaire ਮੁੱਖ ਦਫਤਰ ਵੱਲੋਂ ਸਾਫਟਵੇਅਰ ਵਿੱਚ ਆਨ-ਲਾਈਨ ਮੁਹੱਈਆ ਕਰਵਾਈ ਜਾਵੇਗੀ। ਸੋ ਇਹ ਮੁਕਾਬਲੇ ਹੇਠ ਲਿਖੀਆਂ ਤਾਰੀਖਾਂ ਅਨੁਸਾਰ ਕਰਵਾਏ ਜਾਣ:

- ਸਕੂਲ ਪੱਧਰ ਤੇ – 02.11.19
- ਬਲਾਕ ਪੱਧਰ ਤੇ – 07.11.19 ਸਵੇਰੇ 11:00 ਵਜੇ
- ਜਿਲ੍ਹਾ ਪੱਧਰ ਤੇ – 16.11.19 ਸਵੇਰੇ 11:00 ਵਜੇ

2 ਸਕੂਲ ਪੱਧਰ ਤੇ ਕਰਵਾਏ ਮੁਕਾਬਲਿਆ ਵਿੱਚੋਂ ਹਰੇਕ ਕਲਾਸ/ਸਕੂਲ ਦੇ ਦੋ ਜੇਤੂ ਵਿਦਿਆਰਥੀਆਂ ਨੂੰ ਬਲਾਕ ਪੱਧਰ ਲਈ ਚੁਣਿਆ ਜਾਵੇਗਾ। ਇਸੇ ਤਰ੍ਹਾਂ ਬਲਾਕ ਪੱਧਰ ਤੇ ਕਰਵਾਏ ਮੁਕਾਬਲਿਆ ਵਿਚੋਂ ਹਰੇਕ ਕਲਾਸ ਵਿਚ ਪਹਿਲੀਆਂ ਦੋ ਪੁਜ਼ੀਸ਼ਨਾਂ ਤੇ ਆਏ ਵਿਦਿਆਰਥੀਆਂ ਨੂੰ ਜਿਲ੍ਹਾ ਪੱਧਰ ਲਈ ਚੁਣਿਆ ਜਾਵੇਗਾ। ਬਲਾਕ ਪੱਧਰ ਤੇ ਕੰਪਿਊਟਰ ਕੁਇਜ਼ ਕਰਵਾਉਣ ਲਈ ਸਕੂਲ ਦੀ ਚੋਣ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਵੱਲੋਂ ਕੀਤੀ ਜਾਵੇਗੀ। ਸਕੂਲ ਪੱਧਰ ਤੇ ਸਾਫਟਵੇਅਰ ਰਾਹੀਂ ਕੰਪਿਊਟਰ ਕੁਇਜ਼ ਕਰਵਾਉਣ ਲਈ ਜਰੂਰੀ ਹਦਾਇਤਾ ਅਤੇ ਸਾਫਟਵੇਅਰ ਵਿਭਾਗ ਦੀ ਵੈੱਬ ਸਾਈਟ ਤੋਂ ਡਾਊਂਨਲੋਡ ਕਰ ਲਏ ਜਾਣ।

3 ਇਸੇ ਤਰ੍ਹਾਂ ਬਲਾਕ ਪੱਧਰ ਤੇ ਕੰਪਿਊਟਰ ਕੁਇਜ਼ ਲਈ ਸਾਫਟਵੇਅਰ ਵਿਭਾਗ ਦੀ ਵੈੱਬ ਸਾਈਟ ਤੋਂ ਦੋਬਾਰਾ ਡਾਊਂਨਲੋਡ ਕੀਤਾ ਜਾਣਾ ਹੈ, ਜਿਸ ਦਾ ਲਿੰਕ ਵਿਭਾਗ ਦੀ ਵੈੱਬ ਸਾਈਟ ਤੇ ਦਿੱਤਾ ਜਾਵੇਗਾ। ਬਲਾਕ ਪੱਧਰ ਤੇ ਕੰਪਿਊਟਰ ਕੁਇਜ਼ ਮਿਤੀ 07.11.19 ਨੂੰ ਸਵੇਰੇ 11:00 ਵਜੇ ਸ਼ੁਰੂ ਕੀਤਾ ਜਾਵੇਗਾ, ਜਿਸ ਲਈ Questionnaire ਮੁੱਖ ਦਫਤਰ ਵੱਲੋਂ ਸਾਫਟਵੇਅਰ ਵਿੱਚ ਇੰਟਰਨੈੱਟ ਰਾਹੀਂ 10 ਮਿੰਟ ਪਹਿਲਾਂ ਉਪਲਬਧ ਕਰਵਾਇਆ ਜਾਵੇਗਾ।

4 ਵਿਦਿਆਰਥੀਆਂ ਦੇ ਉਤਸ਼ਾਹ ਅਤੇ ਮਨੋਬਲ ਨੂੰ ਪ੍ਰਫੁਲਿਤ ਕਰਨ ਲਈ ਜਿਲ੍ਹਾ ਪੱਧਰ ਦੇ ਆਨ-ਲਾਈਨ ਕੰਪਿਊਟਰ ਕੁਇਜ਼ ਵਿੱਚ ਕਲਾਸ 9ਵੀ ਅਤੇ 10ਵੀ ਵਿਚੋਂ ਹਰੇਕ ਕਲਾਸ ਵਿੱਚ ਪਹਿਲੀਆਂ ਤਿੰਨ ਪੁਜਿਸ਼ਨਾਂ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ 1000/-ਰੁ., ਦੂਸਰੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ 700/-ਰੁ. ਅਤੇ ਤੀਸਰੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ 500/-ਰੁ. ਨਕਦ ਪ੍ਰਾਈਜ਼ ਦਿੱਤੇ ਜਾਣਗੇ। ਇਸ ਤੋਂ ਇਲਾਵਾ 50/-ਰੁ. per participant ਰਿਫ੍ਰੈਸ਼ਮੇਂਟ ਦਿੱਤੀ ਜਾਵੇਗੀ। ਇਹ ਰਾਸ਼ੀ ਜਿਲ੍ਹਾ ਪੱਧਰ ਤੇ contigency ਗ੍ਰਾਂਟ ਵਿੱਚੋਂ ਖਰਚ ਕੀਤੀ ਜਾਵੇ।

5 ਆਨ-ਲਾਈਨ ਕੰਪਿਊਟਰ ਕੁਇਜ਼ ਲਈ ਸਾਫਟਵੇਅਰ ਸਬੰਧੀ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ:

- ਸ਼੍ਰੀ ਸਲੀਮ ਮੁਹੰਮਦ - 9878260937
- ਸ਼੍ਰੀ ਅਮਰਦੀਪ ਸਿੰਘ - 9781700235

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ)
ਪੰਜਾਬ

ਪਿੰ.ਅੰ.ਨੰ. ਉਕਤ
ਮਿਤੀ:15.10.19

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ/ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਡਿਪਟੀ ਮੈਨੇਜਰ (ਐਮ.ਆਈ.ਐਸ.)
2. ਪ੍ਰੋਜੈਕਟ ਕੁਆਰਡੀਨੇਟਰਜ਼ (ਸਰਕਲ)
3. ਸ਼੍ਰੀ ਸਲੀਮ ਮੁਹੰਮਦ ਅਤੇ ਸ਼੍ਰੀ ਅਮਰਦੀਪ ਸਿੰਘ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕੰਪਿਊਟਰ ਕੁਇਜ਼ ਵਾਲੇ ਦਿਨ ਸਾਫਟਵੇਅਰ ਸੰਬਧੀ ਜਾਣਕਾਰੀ ਦੇਣ ਲਈ ਫੋਨ ਤੇ ਉਪਲਬਧ ਰਹਿਣਗੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ)
ਪੰਜਾਬ

## ਪੰਜਾਬ ਆਈ.ਸੀ.ਟੀ ਐਜੂਕੇਸ਼ਨ ਸੁਸਾਇਟੀ
## ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ) ਅੰਮ੍ਰਿਤਸਰ

ਈ ਮੇਲ: deoictasr@gmail.com ਫੋਨ ਨੰਬਰ : 0183-2225897 ਫੈਕਸ 0183-2225896

ਪਿੱਠ ਅੰਕਣ ਨੰ : ਆਈ.ਸੀ.ਟੀ./ਅੰਮ੍ਰਿਤਸਰ/201935 7230 ਮਿਤੀ : 17-10-2019

ਉਪਰੋਕਤ ਦਾ ਉਤਾਰਾ ਜ਼ਿਲ੍ਹੇ ਦੇ ਸਮੂਹ ਪ੍ਰਿੰਸੀਪਲ/ ਹੈਡਮਾਸਟਰ ਅਤੇ ਕੰਪਿਊਟਰ ਅਧਿਆਪਕਾਂ ਨੂੰ ਸੂਚਨਾ ਅਤੇ ਯੋਗ ਕਾਰਵਈ ਹਿੱਤ ਭੇਜਿਆ ਜਾਂਦਾ ਹੈ ਅਤੇ ਹਦਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਜਿਲ੍ਹਾ ਸਿਖਿਆ ਅਫਸਰ (ਸੈ.ਸਿ)
ਅੰਮਿਤਸਰ